**ਪੰਜਾਬ ਸਰਕਾਰ**
**ਸਕੂਲ ਸਿੱਖਿਆ ਵਿਭਾਗ**

ਵੱਲ,

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ:ਸਿ:), ਪੰਜਾਬ। **(ਵੈਬ-ਸਾਈਟ ਰਾਹੀਂ)**
ਸਮੂਹ ਸਕੂਲ ਮੁੱਖੀ, ਪੰਜਾਬ। **(ਵੈਬ-ਸਾਈਟ ਰਾਹੀਂ)**

ਮੀਮੋ ਨੰ: 9/1-2019 (ਟ੍ਰੇਨਿੰਗ) 10
ਮਿਤੀ: ਚੰਡੀਗੜ੍ਹ 11/04/2019

**ਵਿਸ਼ਾ:-** **ਵਿਗਿਆਨ ਪ੍ਰਸਾਰ ਵਿਗਿਆਨ ਤੇ ਤਕਨਾਲੋਜੀ ਮੰਤਰਾਲਾ ਭਾਰਤ ਸਰਕਾਰ ਦੇ ਆਲ ਇੰਡੀਆ ਰੇਡੀਓ ਦੇ ਰਾਹੀਂ ਵਿਗਿਆਨ ਚੇਤਨਾ ਪ੍ਰੋਗਰਾਮ- ਜਲਵਾਯੂ ਬਦਲਾਅ ਬਾਬਤ ਨਾਟਕ, " ਕਿਉਂ ਬਦਲ ਰਹੀ ਹੈਂ ਫਿਜ਼ਾਏਂ? " ਸਬੰਧੀ।**

**ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।**

1.0 ਆਪ ਜੀ ਨੂੰ ਦੱਸਿਆ ਜਾਂਦਾ ਹੈ ਕਿ ਭਾਰਤ ਗਿਆਨ ਵਿਗਿਆਨ ਸੰਮਤੀ ਪੰਜਾਬ ਅਤੇ ਚੰਡੀਗੜ੍ਹ ਤੋਂ ਪ੍ਰਾਪਤ ਪੱਤਰ ਦੇ ਸਬੰਧ ਵਿੱਚ ਉਪਰੋਕਤ ਵਿਸ਼ੇ ਸਬੰਧੀ ਆਪ ਜੀ ਦੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਉਪਰੋਕਤ ਜਲਵਾਯੂ ਬਦਲਾਅ ਬਾਬਤ ਨਾਟਕ, " **ਕਿਉਂ ਬਦਲ ਰਹੀ ਹੈਂ ਫਿਜ਼ਾਏਂ?** " ਦੀ ਲੜੀ ਆਲ ਇੰਡੀਆ ਰੇਡੀਓ ਦੇ ਜਲੰਧਰ, ਪਟਿਆਲਾ ਤੇ ਬਠਿੰਡਾ ਸਟੇਸ਼ਨਾਂ ਤੋਂ ਮਿਤੀ 07.04.2019 ਤੋਂ ਹਰ ਐਤਵਾਰ 10.00 ਤੋਂ 10.30 ਮਿੰਟ ਤੱਕ ਚਲਾਈ ਜਾਵੇਗੀ।

2.0 ਇਹ 52 ਕੜੀਆਂ ਦਾ ਸਾਲ ਭਰ ਚੱਲਣ ਵਾਲਾ ਵਿਗਿਆਨ ਲੜੀਵਾਰ ਹੈ। ਇਸ ਵਿੱਚ ਜਲਵਾਯੂ ਕੀ ਹੈ, ਇਸ ਨੂੰ ਕਿਹੜੇ ਕਾਰਕ ਪ੍ਰਭਾਵਤ ਕਰਦੇ ਹਨ, ਇਹ ਕਿਵੇਂ ਬਦਲਦਾ ਹੈ, ਜਲਵਾਯੂ ਤੇ ਮੌਸਮ ਦੇ ਬਦਲਾਅ ਵਿੱਚ ਕੀ ਅੰਤਰ ਹੈ, ਜਲਵਾਯੂ ਬਦਲਾਅ ਕਿਵੇਂ ਮਾਪਿਆ ਜਾਂਦਾ ਹੈ, ਜਲਵਾਯੂ ਦੀ ਤਾਜ਼ਾ ਸਥਿਤੀ ਕੀ ਹੈ, ਇਸ ਬਦਲਾਅ ਦਾ ਜਨ-ਜੀਵਨ ਨਾਲ ਕੀ ਸਬੰਧ ਹੈ, ਇਸ ਦਾ ਸਜੀਵ ਤੇ ਨਿਰਜੀਵ ਮਾਦੇ ਤੇ ਕੀ ਪ੍ਰਭਾਵ ਹੈ, ਜਲਵਾਯੂ ਬਦਲਾਅ ਦੇ ਸਮਾਜਿਕ, ਆਰਥਿਕ, ਸਰੀਰਕ ਤੇ ਮਾਨਸਿਕ ਪ੍ਰਭਾਵ ਕੀ ਹਨ, ਕੁਦਰਤ ਤੇ ਜਲਵਾਯੂ ਦਾ ਕੀ ਸਬੰਧ ਹੈ, ਕੀ ਇਸ ਬਦਲਾਅ ਦਾ ਖਤਰਾ ਹਕੀਕੀ ਹੈ ਜਾਂ ਫਿਰ ਖਿਆਲੀ ਅੰਕੜਿਆਂ ਦੀ ਹੀ ਖੇਡ, ਤੇਜ਼ੀ ਨਾਲ ਹੋ ਰਹੇ ਇਸ ਬਦਲਾਅ ਨੂੰ ਕਿਵੇਂ ਠੱਲ੍ਹ ਪਾਈ ਜਾ ਸਕਦੀ ਹੈ, ਰਾਸ਼ਟਰੀ ਤੇ ਅੰਤਰ ਰਾਸ਼ਟਰੀ ਪੱਧਰ ਤੇ ਕੀ ਯਤਨ ਹੋ ਰਹੇ ਹਨ, ਉਨ੍ਹਾਂ ਦਾ ਕੀ ਪ੍ਰਭਾਵ ਹੈ ? ਵਿਅਕਤੀਗਤ ਤੌਰ ਤੇ ਵਿਦਿਆਰਥੀਆਂ ਦੀ ਕੀ ਭੂਮਿਕਾ ਹੋ ਸਕਦੀ ? ਅਸੀਂ ਵਿਅਕਤੀਗਤ ਪੱਧਰਾਂ ਤੇ, ਸਮਾਜਿਕ ਪੱਧਰ ਤੇ, ਪਿੰਡ ਸ਼ਹਿਰ ਜਾਂ ਮੁਹੱਲੇ ਪੱਧਰ ਤੇ ਜਾਂ ਸੰਸਥਾ ਦੇ ਪੱਧਰ ਤੇ ਕੀ ਕਰ ਸਕਦੇ ਹਾਂ।

3.0 ਇਨ੍ਹਾਂ ਵਿਸ਼ਿਆਂ ਵਿੱਚ ਤੱਥਾਂ ਦੇ ਨਾਲ ਨਾਲ ਵਿਗਿਆਨਕ ਕਾਰਨ ਦੱਸ ਕੇ ਵਿਗਿਆਨਕ ਸੋਚ ਨਾਲ ਉਨ੍ਹਾਂ ਦਾ ਵਿਸ਼ਲੇਸ਼ਣ ਕਰਕੇ ਇੱਕ ਨਜ਼ਰੀਆ ਬਣਾਉਣ ਦੇ ਨਾਲ-ਨਾਲ ਹੀ ਵਿਦਿਆਰਥੀਆਂ ਦੇ ਪਾਠ-ਕ੍ਰਮ ਦੇ ਵਾਤਾਵਰਣ ਵਿਗਿਆਨ ਅਤੇ ਬਾਕੀ ਵਿਗਿਆਨ ਤੇ ਸਮਾਜਿਕ ਵਿਗਿਆਨਾਂ ਦੇ ਵਿਸ਼ਿਆਂ ਵਿੱਚ ਉਨ੍ਹਾਂ ਦੀ ਪੜ੍ਹਾਈ ਨੂੰ ਰੋਚਕ ਬਣਾ ਕੇ ਬਿਹਤਰ ਪ੍ਰਾਪਤੀ ਦਾ ਇੱਕ ਜ਼ਰੀਆ ਵੀ ਬਣ ਸਕਦਾ ਹੈ।

4.0 **ਇਸ ਲਈ ਸਮੂਹ ਸਕੂਲ ਮੁੱਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਉਹ ਉਕਤ ਸਬੰਧੀ ਸਵੇਰ ਦੀ ਸਭਾ ਵਿੱਚ ਸੂਚਨਾ ਦੇ ਕੇ ਅਤੇ ਨੋਟਿਸ ਬੋਰਡਾਂ ਤੇ ਨੋਟਿਸ ਲਗਾ ਕੇ ਵਿਦਿਆਥਰੀਆਂ ਨੂੰ ਸੂਚਨਾ ਦੇਣ ਦੇ ਨਾਲ-ਨਾਲ ਉਨ੍ਹਾਂ ਨੂੰ ਉਤਸ਼ਾਹਿਤ ਕਰਨ ਕਿ ਉਹ ਹਰ ਐਤਵਾਰ ਅੱਧੇ ਘੰਟੇ ਦਾ ਇਹ ਲੜੀਵਾਰ ਪ੍ਰੋਗਰਾਮ 10.00 ਵਜੇ ਤੋਂ 10.30 ਵਜੇ ਤੱਕ ਜ਼ਰੂਰ ਸੁਣਨ।**

ਇਸ ਨੂੰ ਪਰਮ ਅਗੇਤ ਦਿੱਤੀ ਜਾਵੇ ਜੀ।

**ਸਕੱਤਰ ਸਕੂਲ ਸਿੱਖਿਆ**